# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 pm**

**ਮਿਤੀ : 03-06-2025**

ਸਿਖਿਆ ਖੋਜ ਅਤੇ ਸਿਖਲਾਈ ਬਾਰੇ ਰਾਸ਼ਟਰੀ ਕੌਂਸਲ (NCERT) ਨੇ ਪਾਈਰੇਟਿਡ NCERT ਪਾਠ ਪੁਸਤਕਾਂ ਦੇ ਉਤਪਾਦਨ, ਵੰਡ ਅਤੇ ਵਿਕਰੀ ਵਿੱਚ ਸ਼ਾਮਲ ਅਪਰਾਧੀਆਂ ਵਿਰੁੱਧ ਕਾਰਵਾਈ ਕੀਤੀ ਏ । ਪਾਈਰੇਸੀ ਪ੍ਰਤੀ ਬਿਲਕੁਲ ਵੀ ਬਰਦਾਸ਼ਤ ਨਾ ਕਰਨ ਦੀ ਨੀਤੀ ਅਪਣਾਉਂਦੇ ਹੋਏ, NCERT ਨੇ 5 ਲੱਖ ਤੋਂ ਵੱਧ ਪਾਈਰੇਟਿਡ NCERT ਪਾਠ ਪੁਸਤਕਾਂ ਦੀਆਂ ਕਾਪੀਆਂ, ਵੱਡੀ ਮਿਕਦਾਰ ਵਿੱਚ ਪ੍ਰਿੰਟਿੰਗ ਪੇਪਰ ਅਤੇ 20 ਕਰੋੜ ਰੁਪਏ ਤੋਂ ਵੱਧ ਦੀ ਮਸ਼ੀਨਰੀ ਜ਼ਬਤ ਕੀਤੀ ਏ । NCERT ਨੇ ਪਾਈਰੇਟਿਡ NCERT ਪਾਠ ਪੁਸਤਕਾਂ ਦੇ ਪ੍ਰਿੰਟਰਾਂ, ਗੋਦਾਮ ਮਾਲਕਾਂ ਅਤੇ ਪ੍ਰਚੂਨ ਵਿਕਰੇਤਾਵਾਂ ਵਿਰੁੱਧ 29 FIR ਵੀ ਦਰਜ ਕੀਤੀਆਂ ਨੇ. ਇੱਕ ਬਿਆਨ ਵਿੱਚ, ਸਿੱਖਿਆ ਮੰਤਰਾਲੇ ਨੇ ਕਿਹਾ ਏ ਕਿ ਇਹ ਕਾਰਵਾਈਆਂ ਪਿਛਲੇ 14 ਮਹੀਨਿਆਂ ਵਿੱਚ ਕੀਤੀਆਂ ਗਈਆਂ ਨੇ ।

ਮੰਤਰਾਲੇ ਨੇ ਕਿਹਾ ਏ ਕਿ ਪਾਈਰੇਟਿਡ ਪਾਠ ਪੁਸਤਕਾਂ ਦੇ ਖ਼ਤਰੇ ਨੂੰ ਰੋਕਣ ਲਈ, NCERT ਨੇ ਆਪਣੀਆਂ ਪਾਠ ਪੁਸਤਕਾਂ ਦੀ ਗੁਣਵੱਤਾ, ਪਹੁੰਚਯੋਗਤਾ ਅਤੇ ਸੁਰੱਖਿਆ ਨੂੰ ਵਧਾਉਣ ਲਈ ਕਈ ਕਦਮ ਚੁੱਕੇ ਨੇ. ਇਨ੍ਹਾਂ ਵਿੱਚ ਕਾਗਜ਼ ਅਤੇ ਛਪਾਈ ਦੀ ਗੁਣਵੱਤਾ ਵਿੱਚ ਮਹੱਤਵਪੂਰਨ ਸੁਧਾਰ, ਸਮੇਂ ਸਿਰ ਛਪਾਈ ਅਤੇ ਬਾਜ਼ਾਰ ਵਿੱਚ ਪਾਠ ਪੁਸਤਕਾਂ ਦੀ ਢੁਕਵੀਂ ਉਪਲਬਧਤਾ ਨੂੰ ਯਕੀਨੀ ਬਣਾਉਣਾ, ਅਤੇ ਪਾਈਰੇਟਿਡ ਕਿਤਾਬਾਂ ਦੇ ਉਤਪਾਦਨ ਅਤੇ ਵੰਡ ਵਿਰੁੱਧ ਸਰਗਰਮ ਕਾਰਵਾਈ ਕਰਨਾ ਸ਼ਾਮਲ ਏ।

---------------------------------------------------------------

ਲੁਧਿਆਣਾ ਪੱਛਮੀ ਸੀਟ ਲਈ ਨਾਮਜ਼ਦਗੀਆਂ ਦਾਖਲ ਕਰਨ ਦੇ ਆਖਰੀ ਦਿਨ, ਅੱਜ 8 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਨੇ। ਪੰਜਾਬ ਦੇ ਮੁੱਖ ਚੋਣ ਅਧਿਕਾਰੀ, ਸਿਬਿਨ ਸੀ, ਨੇ ਜਾਣਕਾਰੀ ਦਿੱਤੀ ਕਿ ਬੀਤੇ ਕਲ੍ਹ, ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਜੀਵਨ ਗੁਪਤਾ ਅਤੇ ਕਵਰਿੰਗ ਉਮੀਦਵਾਰ, ਸੁਨੀਤਾ ਰਾਣੀ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਨੇ. ਇਸ ਤੋਂ ਇਲਾਵਾ, ਸ਼੍ਰੋਮਣੀ ਅਕਾਲੀ ਦਲ

(ਅੰਮ੍ਰਿਤਸਰ) ਤੋਂ ਨਵਨੀਤ ਕੁਮਾਰ ਨੇ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ ਏ। ਪੰਜ ਆਜ਼ਾਦ ਉਮੀਦਵਾਰਾਂ ਹਰਮਿੰਦਰ ਅਰੋੜਾ, ਭੋਲਾ ਸਿੰਘ, ਰੇਣੂ, ਪਵਨਦੀਪ ਸਿੰਘ ਅਤੇ ਗੁਰਦੀਪ ਸਿੰਘ ਕਾਹਲੋਂ ਨੇ ਵੀ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਨੇ. ਉਨ੍ਹਾਂ ਅੱਗੇ ਦੱਸਿਆ ਕਿ ਨਾਮਜ਼ਦਗੀਆਂ ਦਾਖਲ ਕਰਨ ਵਾਲੇ ਉਮੀਦਵਾਰਾਂ ਦੀ ਕੁੱਲ ਗਿਣਤੀ ਹੁਣ 22 ਹੋ ਗਈ ਏ। ਇਹ ਜ਼ਿਕਰਯੋਗ ਏ ਕਿ ਨਾਮਜ਼ਦਗੀ ਪੱਤਰਾਂ ਦੀ ਜਾਂਚ ਅੱਜ ਹੋਣੀ ਏ , ਜਦੋਂ ਕਿ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਤਰੀਕ 5 ਜੂਨ ਏ।

-----------------------------------------------------

ਲੁਧਿਆਣਾ ਪੱਛਮੀ ਜ਼ਿਮਨੀ ਚੋਣ ਲਈ ਆਮ ਨਿਗਰਾਨ, ਰਾਜੀਵ ਕੁਮਾਰ ਭਲਕੇ ਅਤੇ ਸ਼ੁੱਕਰਵਾਰ ਸ਼ਾਮ 5:00 ਵਜੇ ਤੋਂ 6:00 ਵਜੇ ਤੱਕ ਮੀਟਿੰਗ ਹਾਲ, ਇੰਟਰਨੈਸ਼ਨਲ ਗੈਸਟ ਹਾਊਸ, ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ), ਲੁਧਿਆਣਾ ਵਿਖੇ ਲੋਕਾਂ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੀਆਂ ਚੋਣਾਂ ਨਾਲ ਸਬੰਧਤ ਸ਼ਿਕਾਇਤਾਂ ਅਤੇ ਸਵਾਲਾਂ ਦੇ ਹੱਲ ਲਈ ਉਪਲਬਧ ਰਹਿਣਗੇ। ਆਬਜ਼ਰਵਰ ਰਾਜੀਵ

ਕੁਮਾਰ ਨਾਲ ਨੰਬਰ 62831-78975 'ਤੇ ਵੀ ਸੰਪਰਕ ਕੀਤਾ ਜਾ ਸਕਦਾ ਏ।

---------------------------------------------------------------

ਪੰਜਾਬ ਪੁਲਿਸ ਨੇ ਪਾਕਿਸਤਾਨ ਦੀ ਖੁਫੀਆ ਏਜੰਸੀ ISI ਅਤੇ ਪਾਕਿਸਤਾਨ ਸਥਿਤ ਖਾਲਿਸਤਾਨੀ ਹਮਾਇਤੀ ਗੋਪਾਲ ਸਿੰਘ ਚਾਵਲਾ ਨਾਲ ਮਜ਼ਬੂਤ ਸਬੰਧਾਂ ਵਾਲੇ ਇੱਕ ਜਾਸੂਸ ਨੂੰ ਗ੍ਰਿਫ਼ਤਾਰ ਕੀਤਾ ਏ। ਮੁਲਜ਼ਮ ਗਗਨਦੀਪ ਸਿੰਘ ਨੂੰ ਕੱਲ੍ਹ ਸ਼ਾਮ ਤਰਨਤਾਰਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਅਧਿਕਾਰੀਆਂ ਮੁਤਾਬਿਕ, ਉਹ ਸੰਵੇਦਨਸ਼ੀਲ ਅਤੇ ਖੁਫੀਆ ਜਾਣਕਾਰੀ ਲੀਕ ਕਰ ਰਿਹਾ ਸੀ - ਜਿਸ ਵਿੱਚ ਫੌਜ ਦੀ ਤਾਇਨਾਤੀ ਅਤੇ ਰਣਨੀਤਕ ਸਥਾਨਾਂ ਦੇ ਵੇਰਵੇ ਸ਼ਾਮਲ ਸਨ- ਜਿਸ ਨਾਲ ਰਾਸ਼ਟਰੀ ਸੁਰੱਖਿਆ ਲਈ ਗੰਭੀਰ ਖ਼ਤਰਾ ਪੈਦਾ ਹੁੰਦਾ ਏ। ਪੁਲਿਸ ਦਾ ਕਹਿਣਾ ਏ ਕਿ ਗਗਨਦੀਪ ਸਿੰਘ ਨੇ ਕਥਿਤ ਤੌਰ 'ਤੇ ਪਿਛਲੇ ਸਾਲਾਂ ਦੌਰਾਨ ਪਾਕਿਸਤਾਨੀ ਕਾਰਕੁੰਨਾਂ ਨਾਲ ਫੌਜ ਦੀਆਂ ਗਤੀਵਿਧੀਆਂ ਬਾਰੇ ਅਹਿਮ ਜਾਣਕਾਰੀ ਸਾਂਝੀ ਕੀਤੀ ਸੀ, ਜਿਸ ਵਿੱਚ ਆਪ੍ਰੇਸ਼ਨ ਸਿੰਦੂਰ ਦੌਰਾਨ ਵੀ ਜਾਣਕਾਰੀ ਸਾਂਝੀ ਕਰਨਾ ਸ਼ਾਮਲ ਏ। ਉਸਦੇ ਕਬਜ਼ੇ ਵਿੱਚੋਂ

ਬਰਾਮਦ ਕੀਤੇ ਗਏ ਇੱਕ ਮੋਬਾਈਲ ਫੋਨ ਵਿੱਚ ਖੁਫੀਆ ਜਾਣਕਾਰੀ ਅਤੇ 20 ਤੋਂ ਵੱਧ ISI ਕਾਰਕੁੰਨਾਂ ਦੇ ਸੰਪਰਕ ਵੇਰਵੇ ਸਨ। ਪੁਲਿਸ ਹਲਕਿਆਂ ਦਾ ਕਹਿਣਾ ਏ ਕਿ ਹੋਰ ਸੰਪਰਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਪਤਾ ਲਗਾਉਣ ਲਈ ਪੂਰੀ ਮਾਲੀ ਅਤੇ ਤਕਨੀਕੀ ਜਾਂਚ ਕੀਤੀ ਜਾ ਰਹੀ ਏ।

---------------------------------------------------

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਦੱਸਿਆ ਏ ਕਿ ਪਿਛਲੇ ਮਹੀਨੇ ਦੀ 30 ਤਰੀਕ ਤੱਕ, ਗਰਮੀਆਂ ਦੀਆਂ ਫਸਲਾਂ ਦੀ ਬਿਜਾਈ ਵਿੱਚ ਪਿਛਲੇ ਸਾਲ ਦੇ ਮੁਕਾਬਲੇ 9.21 ਲੱਖ ਹੈਕਟੇਅਰ ਦਾ ਵਾਧਾ ਹੋਇਆ ਏ, ਤੇ ਹੁਣ ਇਹ 83.93 ਲੱਖ ਹੈਕਟੇਅਰ ਏ । ਇੱਕ ਬਿਆਨ ਵਿੱਚ, ਮੰਤਰਾਲੇ ਨੇ ਕਿਹਾ ਏ ਕਿ ਚੌਲਾਂ ਦੇ ਉਤਪਾਦਨ ਦਾ ਰਕਬਾ 4.80 ਲੱਖ ਹੈਕਟੇਅਰ ਵਧ ਕੇ 35.86 ਲੱਖ ਹੈਕਟੇਅਰ ਹੋ ਗਿਆ ਏ, ਜਦੋਂ ਕਿ ਦਾਲਾਂ ਦੇ ਰਕਬੇ ਵਿੱਚ 2.77 ਲੱਖ ਹੈਕਟੇਅਰ ਵਾਧਾ ਹੋ ਕੇ ਇਹ 24.25 ਲੱਖ ਹੈਕਟੇਅਰ ਹੋ ਗਿਆ ਏ ।

---------------------------------------------------

ਭਾਰਤੀ ਖੇਤੀਬਾੜੀ ਖੋਜ ਕੌਂਸਲ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ

ਮੰਤਰਾਲੇ ਦੀ ਦੇਸ਼ ਵਿਆਪੀ ਪਹਿਲਕਦਮੀ ' ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ' ਦੇ ਪੰਜਵੇਂ ਦਿਨ ਕਲ੍ਹ ਮੁਹਾਲੀ ਦੇ ਵਖ - ਵਖ ਪਿੰਡਾਂ ਵਿਚ ਜਾਗਰੂਕਤਾ ਕੈਂਪ ਲਾਏ ਗਏ. ਮਾਹਿਰਾਂ ਨੇ ਕਿਸਾਨਾਂ ਨੂੰ ਸਾਉਣੀ ਰੁਤ ਦੀਆਂ ਬੀਜਿਆਂ ਜਾਣ ਵਾਲੀਆਂ ਫਸਲਾਂ, ਡੇਅਰੀ ਫਾਰਮ, ਬਕਰੀ ਪਾਲਣ, ਮਛੀ ਪਾਲਣ ਦੀਆਂ ਨਵੀਆਂ ਤਕਨੀਕਾਂ ਅਤੇ ਖੇਤੀਬਾੜੀ, ਪਸ਼ੂ ਪਾਲਣ ਅਤੇ ਸਹਾਇਕ ਧੰਦਿਆਂ ਸੰਬੰਧੀ ਭਾਰਤ ਅਤੇ ਪੰਜਾਬ ਸਰਕਾਰ ਦੀਆਂ ਸਕੀਮਾਂ ਦੀ ਜਾਣਕਾਰੀ ਦਿੱਤੀ ਗਈ।

---------------------------------------------------

ਭਾਰਤੀ ਮੌਸਮ ਵਿਭਾਗ (IMD) ਨੇ ਪੇਸ਼ੀਨਗੋਈ ਕੀਤੀ ਏ ਕਿ ਅੱਜ ਪੰਜਾਬ, ਹਰਿਆਣਾ, ਤੇ ਚੰਡੀਗੜ੍ਹ, ਦੇ ਕੁਝ ਹਿੱਸਿਆਂ ਵਿੱਚ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਏ।

---------------------------------------------------

ਇੰਡੀਅਨ ਪ੍ਰੀਮੀਅਰ ਲੀਗ (IPL) 2025 ‘ਚ ਅੱਜ ਰਾਇਲ ਚੈਲੇਂਜਰਜ਼ ਬੰਗਲੁਰੂ ਅਤੇ ਪੰਜਾਬ ਕਿੰਗਜ਼ ਦਰਮਿਆਨ, ਅਹਿਮਦਾਬਾਦ ਦੇ ਨਰੇਂਦਰ

ਮੋਦੀ ਸਟੇਡੀਅਮ ਵਿੱਚ ਖਿਤਾਬੀ ਮੁਕਾਬਲਾ ਹੋਏਗਾ. ਮੈਚ ਸ਼ਾਮ ਸਾਢੇ 7 ਵਜੇ ਸ਼ੁਰੂ ਹੋਵੇਗਾ।